ਡਾਇਰੈਕਟਰ ਸਿੱਖਿਆ ਭਰਤੀ ਡਾਇਰੈਕਟੋਰੇਟ ਪੰਜਾਬ।
ਸਰਕਾਰੀ ਮਾਡਲ ਸੀਨੀਅਰ ਸੈਕੰਡਰੀ ਸਕੂਲ,
ਫੇਜ਼ 3 ਬੀ-1, ਐਸ.ਏ.ਐਸ.ਨਗਰ।
www.educationrecruitmentboard.com

ਨੰਬਰ 6/5-2017ਭ.ਡ.(9) ਮਿਤੀ 13.09.2018

# ਪਬਲਿਕ ਨੋਟਿਸ

ਸਿੱਖਿਆ ਭਰਤੀ ਡਾਇਰੈਕਟੋਰੇਟ ਪੰਜਾਬ ਵੱਲੋਂ ਮਿਤੀ 10.09.2017 ਨੂੰ ਵਿਗਿਆਪਤ ਮਾਸਟਰ ਕਾਡਰ ਦੇ ਅੰਗਰੇਜੀ (393) ਅਤੇ ਹਿੰਦੀ (521) ਵਿਸ਼ਿਆ ਦੀਆਂ ਅਸਾਮੀਆਂ ਨੂੰ ਭਰਨ ਸਬੰਧੀ ਮਿਤੀ 08.12.2017 ਨੂੰ ਲਿਖਤੀ ਟੈਸਟ ਲਿਆ ਗਿਆ ਸੀ।ਵਿਭਾਗ ਵੱਲੋਂ ਅੰਗਰੇਜੀ ਅਤੇ ਹਿੰਦੀ ਵਿਸ਼ਿਆ ਦਾ ਨਤੀਜਾ ਮਿਤੀ 23.08.2018 ਨੂੰ ਐਲਾਨ ਕਰ ਦਿੱਤਾ ਗਿਆ ਸੀ।

ਅੰਗਰੇਜੀ (393) ਅਤੇ ਹਿੰਦੀ (521) ਵਿਸ਼ਿਆ ਦੇ ਲਿਖਤੀ ਟੈਸਟ ਵਿੱਚ ਹਾਇਰ ਮੈਰਿਟ ਤੇ ਆਉਣ ਵਾਲੇ ਉਮੀਦਵਾਰਾਂ ਨੂੰ ਆਪਣੇ ਅਸਲ ਦਸਤਾਵੇਜਾਂ ਦੀ ਸਕਰੂਟਨੀ ਕ੍ਰਮਵਾਰ ਮਿਤੀ 25.08.2018 ਅਤੇ ਮਿਤੀ 26.08.2018 ਨੂੰ ਕੀਤੀ ਗਈ ਸੀ।ਜਿਹੜੇ ਉਮੀਦਵਾਰ ਜੋ ਮਿਤੀ 25.08.2018 ਅਤੇ ਮਿਤੀ 26.08.2018 ਨੂੰ ਅਸਲ ਦਸਤਵੇਜਾਂ ਦੀ ਸਕਰੂਟਨੀ ਦੌਰਾਨ ਗੈਰ-ਹਾਜ਼ਰ ਰਹੇ ਹਨ, ਅਜਿਹੇ ਉਮੀਦਵਾਰਾਂ ਨੂੰ ਦਫ਼ਤਰ, ਡਾਇਰੈਕਟਰ ਸਿੱਖਿਆ ਭਰਤੀ ਡਾਇਰੈਕਟੋਰੇਟ ਪੰਜਾਬ, ਸਰਕਾਰੀ ਮਾਡਲ ਸੀਨੀਅਰ ਸੈਕੰਡਰੀ ਸਕੂਲ (ਮਾਈਕ੍ਰੋਸਾਫ਼ਟ ਬਿਲਡਿੰਗ) ਫੇਜ਼ 3 ਬੀ-1 ਸ.ਅ.ਸ.ਨਗਰ ਵਿਖੇ ਮਿਤੀ 17.09.2018 ਨੂੰ 9.00 ਵਜੇ ਤੋਂ 3.00 ਸ਼ਾਮ ਵਜੇ ਤੱਕ ਆਪਣੇ ਅਸਲ ਦਸਤਾਵੇਜਾਂ ਦੀ ਸਕਰੂਟਨੀ ਲਈ ਇੱਕ ਹੋਰ ਮੌਕਾ ਦਿੱਤਾ ਜਾਂਦਾ ਹੈ।ਗੈਰ-ਹਾਜ਼ਰ ਰਹਿਣ ਵਾਲੇ ਉਮੀਦਵਾਰਾਂ ਦੀਆਂ ਸੂਚੀਆਂ ਅਤੇ ਸਕਰੂਟਨੀ ਸ਼ੈਡੀਊਲ ਵਿਭਾਗ ਦੀ ਵੈਬਸਾਈਟ (www.educationrecruitmentboard.com) ਤੇ ਅਪਲੋਡ ਕੀਤਾ ਗਿਆ ਹੈ।ਬਾਕੀ ਦੀ ਹੋਰ ਜਾਣਕਾਰੀ ਪਹਿਲਾਂ ਹੀ ਅਪਲੋਡ ਕੀਤੇ ਗਏ ਅਨੁਸਾਰ ਹੈ।

ਹਿੰਦੀ ਵਿਸ਼ੇ ਵਿੱਚ ਵਿਮੁਕਤ ਜਾਤੀ ਨਾਲ ਸਬੰਧਤ ਜਿਨ੍ਹਾਂ ਉਮੀਦਵਾਰਾਂ ਨੇ ਵਿਸ਼ਾਵਾਰ ਟੈਸਟ ਦਿੱਤਾ ਹੈ, ਉਹ ਉਮੀਦਵਾਰ ਵੀ ਮਿਤੀ 17.09.2018 ਨੂੰ ਵੀਂ 9.00 ਵਜੇ ਤੋਂ 3.00 ਵਜੇ ਤੱਕ ਅਸਲ ਦਸਤਾਵੇਜ਼ਾ ਦੀ ਸਕਰੂਟਨੀ ਲਈ ਹਾਜ਼ਰ ਹੋ ਸਕਦੇ ਹਨ।

ਇਸ ਤੋਂ ਇਲਾਵਾ ਸਮਾਜਿਕ ਸਿੱਖਿਆ ਵਿਸ਼ੇ ਦੇ ਜਿਨ੍ਹਾਂ ਉਮੀਦਵਾਰਾਂ ਦੀ ਸੂਚੀ ਵਿਭਾਗ ਦੀ ਵੈਬਸਾਈਟ ਤੇ ਅੱਪਲੋਡ ਕੀਤੀ ਗਈ ਨੂੰ ਵੀ ਮਿਤੀ 17.09.2018 ਨੂੰ ਵੀਂ 9.00 ਵਜੇ ਤੋਂ 3.00 ਵਜੇ ਤੱਕ ਅਸਲ ਦਸਤਾਵੇਜ਼ਾ ਦੀ ਸਕਰੂਟਨੀ ਲਈ ਸੱਦਾ ਦਿੱਤਾ ਜਾਂਦਾ ਹੈ।

13/9/18

ਡਿਪਟੀ ਡਾਇਰੈਕਟਰ,
ਸਿੱਖਿਆ ਭਰਤੀ ਡਾਇਰੈਕਟੋਰੇਟ,
ਪੰਜਾਬ,ਐਸ.ਏ.ਐਸ.ਨਗਰ।